بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਮਿਡਲ ਈਸਟ ਵਿੱਚ ਹਾਲੀਆ ਜੰਗੀ ਸੂਰਤਿ ਹਾਲ ਦੇ ਬਾਰੇ ਉੱਮਤਿ ਮੁਸਲਿਮਾ ਨੂੰ ਸੁਨਹਿਰੀ ਨਸੀਹਤਾਂ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 06 ਮਾਰਚ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ أَلۡحَمۡدُ لِلّٰهِ رَبِّ الۡعٰلَمِيۡنَ ۞ أَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਜਿਹੜਾ ਪੈਗ਼ਾਮ ਲਿਆਏ ਉਸ ਦਾ ਮਕ਼ਸਦ ਖ਼ੁਦਾਇ ਵਾਹਿਦ ਅਤੇ ਯਗਾਨਾ 'ਤੇ **ਇਮਾਨ** ਲਿਆਉਣਾ, ਉਸ ਦੀ **ਇਬਾਦਤ** ਕਰਨਾ, ਉਸਦੀ **ਤੌਹੀਦ** ਦਾ ਕ਼ਿਆਮ ਅਤੇ ਉਸਦੇ ਲਈ ਕੋਸ਼ਿਸ਼ ਕਰਨਾ ਅਤੇ ਉਸਦੇ ਬੰਦਿਆਂ ਦੇ ਹੱਕ਼ ਦੀ ਅਦਾਇਗੀ ਦੇ ਲਈ ਕੋਸ਼ਿਸ਼ ਕਰਨਾ ਹੈ। ਫਿਰ ਇੱਕ ਉੱਮਤਿ ਵਾਹਿਦਾ ਬਣ ਕੇ ਆਪਸ ਵਿੱਚ ਭਾਈ ਭਾਈ ਬਣ ਕੇ ਰਹਿਣਾ ਹੈ। ਪਰ ਅੱਜ ਇਸ ਦਾਅਵੇ ਦੇ ਬਾਵਜੂਦ ਕਿ ਅਸੀਂ ਕਲਮਾ ਪੜ੍ਹਨ ਵਾਲੇ ਹਾਂ, ਅਸੀਂ ਇੱਕ ਇਕਾਈ ਨਹੀਂ ਹਾਂ। ਸਾਡੇ ਅਮਲ ਉਹ ਨਹੀਂ ਹਨ ਜਿਸ ਦੀ ਤਾਲੀਮ ਦਾ ਅਸੀਂ ਦਾਅਵਾ ਕਰਦੇ ਹਾਂ। ਨਤੀਜਾ ਇਹ ਕਿ ਜਦ ਅਸੀਂ ਇਸਲਾਮੀ ਦੁਨੀਆ ਦਾ ਜਾਇਜ਼ਾ ਲੈਂਦੇ ਹਾਂ ਤਾਂ **ਇੰਤਿਹਾਈ ਕ਼ਾਬਿਲਿ ਫ਼ਿਕਰ** ਹਾਲਤ ਹੈ। ਕੁੱਝ ਮੁਲਕਾਂ ਦੇ ਕੋਲ ਕ਼ੁਦਰਤੀ ਵਸੀਲੇ ਅਤੇ ਉਸ ਦੀ ਦੌਲਤ ਹੈ ਪਰ ਇਸ ਦੇ ਬਾਵਜੂਦ ਦੁਨੀਆ ਦੀਆਂ ਤਾਕ਼ਤਾਂ ਦੇ ਸਾਹਮਣੇ ਉਨ੍ਹਾਂ ਦਾ ਨਾ ਕੋਈ ਖ਼ਾਸ ਮੁਕ਼ਾਮ ਹੈ ਅਤੇ ਨਾ ਦੀਨ ਦੀ ਤਰੱਕ਼ੀ ਦੇ ਲਈ ਉਨ੍ਹਾਂ ਦਾ ਕੋਈ ਖ਼ਾਸ ਕਿਰਦਾਰ ਹੈ। ਨਾ ਹੀ ਇਸਲਾਮੀ ਸਿੱਖਿਆਵਾਂ 'ਤੇ ਅਮਲ ਕਰਨ ਦੇ ਲਈ ਉਨ੍ਹਾਂ ਦੀ ਕੋਈ ਖ਼ਾਸ ਕੋਸ਼ਿਸ਼ ਨਜ਼ਰ ਆਉਂਦੀ ਹੈ। ਇਸ ਦਾ ਨਤੀਜਾ ਬਿਲਕੁਲ ਜ਼ਾਹਿਰ ਹੈ ਕਿ ਗ਼ੈਰ ਇਸ ਸੂਰਤਿ ਹਾਲ ਤੋਂ ਫ਼ਾਇਦਾ ਚੁੱਕਦੇ ਹਨ।

ਮੁਸਲਮਾਨਾਂ ਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬ-ਹੈਸੀਅਤ **ਮਿੱਲਤਿ ਇਸਲਾਮਿਯਾ** ਅਸੀਂ ਇੱਕ ਹੋਣਾ ਹੈ ਅਤੇ ਇਸ ਦੇ ਲਈ ਅਸੀਂ ਭਰਪੂਰ ਕੋਸ਼ਿਸ਼ ਕਰਨੀ ਹੈ। ਜੇਕਰ ਅਜਿਹਾ ਹੋਵੇਗਾ ਤਦ ਹੀ ਅਸੀਂ ਦੁਨੀਆ ਦੇ ਹਮਲਿਆਂ ਤੋਂ ਬਚ ਸਕਾਂਗੇ, ਤਦ ਹੀ ਅਸੀਂ ਆਪਣਾ ਵਕ਼ਾਰ ਕ਼ਾਇਮ ਕਰ ਸਕਾਂਗੇ ਅਤੇ ਇਸਲਾਮ ਵਿਰੋਧੀ ਤਾਕ਼ਤਾਂ ਨੂੰ ਆਪਣੇ ਅੰਦਰ **ਪਾੜ** ਪਾਉਣ ਤੋਂ ਰੋਕ ਸਕਾਂਗੇ। ਇਸ ਦੇ ਲਈ ਸਾਨੂੰ ਇਹ ਗ਼ੌਰ ਕਰਨਾ ਹੋਵੇਗਾ ਕਿ ਅੱਲਾਹ ਤਆਲਾ ਨੇ ਇਸ ਜ਼ਮਾਨੇ ਵਿੱਚ ਇਸ ਦੇ ਲਈ ਕੀ ਇੰਤਜ਼ਾਮ ਫ਼ਰਮਾਇਆ ਹੈ। ਅੱਲਾਹ ਤਆਲਾ ਨੇ ਇਸ ਮਕ਼ਸਦ ਦੇ ਲਈ ਮਸੀਹ ਮੌਊਦ ਅਤੇ ਮਹਦੀ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਭੇਜਿਆ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਜਿਵੇਂ ਕਿ ਮੈਂ ਕਿਹਾ, ਮੈਂ ਇੱਕ ਅਰਸੇ ਤੋਂ ਲੋਕਾਂ ਨੂੰ ਤਵੱਜੋ ਦਵਾਉਂਦਾ ਰਿਹਾ ਹਾਂ। ਉਹੀ ਲੋਕ ਜੋ ਉਸ ਵੇਲੇ ਮੇਰੀਆਂ ਗੱਲਾਂ ਸੁਣ ਕੇ ਕਿਹਾ ਕਰਦੇ ਸਨ ਕਿ ਤੁਸੀਂ ਦੁਨੀਆ ਦੇ ਬਾਰੇ ਬਹੁਤ **ਮਾਯੂਸ ਕੁਨ** ਗੱਲਾਂ ਕਰਦੇ ਹੋ ਅਤੇ **ਮਨਫ਼ੀ** (ਨਾਕਾਰਾਤਮਕ) ਕ਼ਿਸਮ ਦੀ ਸੋਚ ਰੱਖਦੇ ਹੋ ਕਿ ਦੁਨੀਆ ਖ਼ਤਰਨਾਕ ਜੰਗ ਵਿੱਚ ਸ਼ਾਮਿਲ ਹੋ ਜਾਵੇਗੀ। ਅੱਜ ਉਹੀ ਲੋਕ ਖ਼ੁਦ ਕਹਿਣ ਲੱਗ ਗਏ ਹਨ ਕਿ ਕੁੱਝ ਸਾਲ ਪਹਿਲਾਂ ਜਿਸ ਚੀਜ਼ ਨੂੰ ਅਸੀਂ ਨਾ ਮੁਮਕਿਨ ਸਮਝਦੇ ਸਾਂ ਹੁਣ ਉਹੀ ਚੀਜ਼ ਮੁਮਕਿਨ ਬਣ ਗਈ ਹੈ ਅਤੇ ਜੰਗਾਂ ਸ਼ੁਰੂ ਹੋ ਚੁੱਕੀਆਂ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਪੱਛਮੀ ਤਾਕ਼ਤਾਂ ਨੇ ਪਹਿਲਾਂ ਇਸਲਾਮੀ ਮੁਲਕਾਂ ਨੂੰ ਆਪਸ ਵਿੱਚ ਲੜਵਾਇਆ ਅਤੇ ਹੁਣ ਉਨ੍ਹਾਂ ਦੇ **ਵਸੀਲਿਆਂ** 'ਤੇ ਕ਼ਬਜ਼ਾ ਕਰਨ ਦੇ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ। ਮੁਸਲਮਾਨਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਇਹ **ਦੱਜਾਲੀ ਤਾਕ਼ਤਾਂ** ਕਦੀ ਵੀ ਸਾਨੂੰ ਮੁਸਲਮਾਨਾਂ ਨੂੰ **ਏਕੇ** ਅਤੇ **ਭਾਈਚਾਰੇ** ਨਾਲ਼ ਰਹਿੰਦਾ ਹੋਇਆ ਨਹੀਂ ਦੇਖ ਸਕਦੀਆਂ। ਇਨ੍ਹਾਂ ਦਾ ਅਸਲ ਏਜੰਡਾ ਹੀ ਇਹੀ ਹੈ ਕਿ ਮੁਸਲਮਾਨਾਂ ਵਿੱਚ ਹਮੇਸ਼ਾ ਫ਼ਸਾਦ ਪੈਦਾ ਕੀਤਾ ਜਾਂਦਾ ਰਹੇ।

ਅਮਰੀਕਾ ਨੇ ਬਹੁਤ ਸਾਰੇ ਇਸਲਾਮੀ ਮੁਲਕਾਂ ਵਿੱਚ ਆਪਣੇ **ਫ਼ੌਜੀ ਅੱਡੇ** ਕ਼ਾਇਮ ਕੀਤੇ ਹੋਏ ਹਨ। ਪਰ ਕਿਸ ਲਈ? ਕੀ ਉਨ੍ਹਾਂ ਮੁਲਕਾਂ ਦੀ ਹਿਫ਼ਾਜ਼ਤ ਦੇ ਲਈ? ਆਖ਼ਿਰ ਉਨ੍ਹਾਂ ਅਰਬ ਮੁਲਕਾਂ ਨੂੰ ਕਿਹਦੇ ਕੋਲੋਂ ਖ਼ਤਰਾ ਸੀ? ਇਨ੍ਹਾਂ ਤਾਕ਼ਤਾਂ ਨੇ ਖ਼ੁਦ ਖ਼ਤਰੇ ਪੈਦਾ ਕੀਤੇ ਅਤੇ ਫਿਰ ਮੁਸਲਮਾਨ ਮੁਲਕਾਂ ਨੂੰ ਇਹ ਭਰਮ ਦਿੱਤਾ ਕਿ ਤੁਹਾਨੂੰ ਖ਼ਤਰਾ ਹੈ ਇਸ ਲਈ ਤੁਹਾਡੀ ਹਿਫ਼ਾਜ਼ਤ ਦੇ ਲਈ ਇਹ ਇੰਤਿਜ਼ਾਮ ਕੀਤਾ ਜਾ ਰਿਹਾ ਹੈ। ਮੁਸਲਮਾਨ ਮੁਲਕਾਂ ਨੂੰ ਜਿਸ ਕੋਲੋਂ ਅਸਲ ਖ਼ਤਰਾ ਹੈ ਉਸ ਦੇ ਖ਼ਿਲਾਫ਼ ਤਾਂ ਇਹ ਫ਼ੌਜੀ ਅੱਡੇ ਕਦੀ ਇਸਤੇਮਾਲ ਵੀ ਨਹੀਂ ਕਰਨਗੇ।

ਈਰਾਨ ਤਾਂ ਹਮੇਸ਼ਾ ਹੀ ਇਨ੍ਹਾਂ ਮੁਲਕਾਂ ਨੂੰ **ਖਟਕਦਾ** ਰਿਹਾ ਹੈ। ਇਸਰਾਈਲ ਦੇ ਖ਼ਿਲਾਫ਼ ਈਰਾਨ ਦੀ ਪਾੱਲਿਸੀ ਜ਼ਿਆਦਾ ਸਖ਼ਤ ਸੀ। ਦੂਸਰੇ ਇਸਲਾਮੀ ਮੁਲਕਾਂ ਤੋਂ ਅਕ਼ੀਦੇ ਦਾ ਮਤਿਭੇਦ ਵੀ ਸੀ। ਇਨ੍ਹਾਂ ਸਭ ਗੱਲਾਂ ਦਾ ਇਨ੍ਹਾਂ ਤਾਕ਼ਤਾਂ ਨੇ ਫ਼ਾਇਦਾ ਚੁੱਕਿਆ ਅਤੇ ਆਪਣੀ ਮੌਜੂਦਗੀ ਇਸ ਖ਼ਿੱਤੇ ਵਿੱਚ ਯਕ਼ੀਨੀ ਬਣਾ ਲਈ। ਇਨ੍ਹਾਂ ਅੱਡਿਆਂ ਦੀ ਵਜ੍ਹਾ ਨਾਲ਼ ਹੀ ਅਰਬ ਮੁਲਕਾਂ 'ਤੇ ਹਮਲਿਆਂ ਦਾ ਖ਼ਤਰਾ ਤਾਂ ਸੀ ਅਤੇ ਹਮਲਾ ਹੋਇਆ। ਇਨ੍ਹਾਂ ਹਮਲਿਆਂ ਨਾਲ਼ ਅਰਬ ਮੁਲਕਾਂ ਦੀ ਅਰਥ ਵਿਵਸਥਾ ਤਬਾਹ ਹੋਈ। ਇਸ ਸੂਰਤਿ ਹਾਲ ਤੋਂ ਫ਼ਾਇਦਾ ਇਨ੍ਹਾਂ ਤਾਕ਼ਤਾਂ ਨੂੰ ਹੀ ਹੋਇਆ ਅਤੇ ਆਇੰਦਾ ਵੀ ਹੋਵੇਗਾ। ਹਜ਼ਰਤ ਖ਼ਲੀਫ਼-ਤੁਲ੍ ਮਸੀਹ ਰਾਬਿਅ ਰਹਮਤੁੱਲਾਹਿ ਅਲੈਹਿ ਨੇ ਇਰਾਕ਼ ਜੰਗ ਦੇ ਦੌਰਾਨ ਇਹ ਫ਼ਰਮਾਇਆ ਸੀ ਕਿ ਇਹ ਫ਼ਸਾਦ ਹੁਣ ਵਧਦਾ ਜਾਵੇਗਾ। **ਕਾਸ਼!** ਮੁਸਲਮਾਨ ਮੁਲਕ ਇਸ ਤੋਂ ਸਬਕ਼ ਸਿੱਖਦੇ।

ਫ਼ਰਮਾਇਆ: ਇਹ ਬਦ ਅਮਨੀ ਇਨ੍ਹਾਂ ਹੀ ਤਾਕ਼ਤਾਂ ਦੀ ਫੈਲਾਈ ਹੋਈ ਹੈ ਅਤੇ ਬ-ਜ਼ਾਹਿਰ ਇਸ ਦੇ ਰੁਕਣ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ ਸਿਵਾਏ ਇਸ ਦੇ ਕਿ ਅੱਲਾਹ ਤਆਲਾ ਦੀ ਕੋਈ ਖ਼ਾਸ **ਤਕ਼ਦੀਰ** ਹੋਵੇ। ਇਸ ਦੇ ਲਈ ਵੀ ਉਨ੍ਹਾਂ ਨੂੰ ਬ-ਹਰ-ਹਾਲ ਕੋਸ਼ਿਸ਼ ਕਰਨੀ ਹੋਵੇਗੀ ਅਤੇ ਸਾਨੂੰ ਇਸ ਦੇ ਲਈ ਦੁਆ ਕਰਨੀ ਚਾਹੀਦੀ ਹੈ।

ਇਹ ਜ਼ੁਲਮ ਜਿਸ ਤਰ੍ਹਾਂ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ ਇਸ ਤੋਂ ਲੱਗਦਾ ਹੈ ਕਿ ਵੱਡੇ ਪੈਮਾਨੇ 'ਤੇ ਵਿਸ਼ਵ ਯੁੱਧ ਹੋਣਾ ਹੈ। ਬਲਕਿ ਕੁੱਝ ਪੱਛਮੀ ਟਿੱਪਣੀ ਕਾਰਾਂ ਦੇ ਮੁਤਾਬਿਕ਼ ਤਾਂ ਵਿਸ਼ਵ ਯੁੱਧ ਸ਼ੁਰੂ ਹੋ ਚੁੱਕਿਆ ਹੈ। ਮੈਂ ਵੀ ਇਹੀ ਕਹਿੰਦਾ ਹਾਂ ਕਿ ਸ਼ੁਰੂ ਹੋ ਚੁੱਕਿਆ ਹੈ ਪਰ ਹੁਣ ਵੀ ਜੇਕਰ ਮੁਸਲਮਾਨ ਦੁਨੀਆ ਅਕ਼ਲ ਤੋਂ ਕੰਮ ਲਵੇ ਤਾਂ ਇਹ ਹੁਣ ਵੀ **ਦੱਜਾਲ** ਦੇ ਫ਼ਿਤਨੇ ਤੋਂ ਮਹਿਫ਼ੂਜ਼ ਰਹਿ ਸਕਦੇ ਹਨ।

ਮਿਡਲ ਈਸਟ ਵਿੱਚ ਜੋ ਜੰਗ ਹੋ ਰਹੀ ਹੈ, ਕਹਿਣ ਨੂੰ ਤਾਂ ਇਹ ਅਮਰੀਕਾ ਨੇ ਈਰਾਨ 'ਤੇ ਹਮਲਾ ਕਰਕੇ ਸ਼ੁਰੂ ਕੀਤੀ ਹੈ। ਪਰ ਈਰਾਨ ਨੇ ਪਹਿਲਾਂ **ਚੇਤਾਵਨੀ** ਦਿੱਤੀ ਸੀ ਕਿ ਜੇਕਰ ਸਾਡੇ 'ਤੇ ਹਮਲਾ ਹੋਇਆ ਤਾਂ ਅਰਬ ਮੁਲਕਾਂ ਵਿੱਚ ਕ਼ਾਇਮ ਅਮਰੀਕੀ ਅੱਡਿਆਂ 'ਤੇ ਹਮਲਾ ਕਰਾਂਗੇ ਅਤੇ ਅਜਿਹਾ ਹੀ ਹੋਇਆ। ਇਹ ਰਿਜੀਮ ਚੇਂਜ ਦਾ ਨਾਅਰਾ ਲਾਉਂਦੇ ਸਨ ਪਰ ਕੀ ਹਾਸਿਲ ਹੋਇਆ? **ਖ਼ਾਮਿਨਾ-ਈ ਸਾਹਿਬ** ਨੂੰ ਤਾਂ ਸ਼ਹਾਦਤ ਦਾ ਮੁਕ਼ਾਮ ਮਿਲ਼ ਗਿਆ ਅਤੇ ਉਨ੍ਹਾਂ ਦੀ ਇੱਜ਼ਤ ਹੋਰ ਵਧ ਗਈ। ਉਨ੍ਹਾਂ ਦੇ ਪੂਰੇ ਖ਼ਾਨਦਾਨ ਨੂੰ ਮਾਰਿਆ ਗਿਆ, ਇਸ ਨਾਲ਼ ਰਿਜੀਮ ਚੇਂਜ ਕੀ ਹੋਣੀ ਸੀ, ਉਨ੍ਹਾਂ ਦੀ ਕ਼ੌਮ ਹੋਰ ਇੱਕਜੁੱਟ ਹੋ ਗਈ। ਮਿਡਲ ਈਸਟ ਦੇ ਅਰਬ ਮੁਲਕਾਂ ਵਿੱਚ ਬਚਾਅ ਦੀ ਤਾਕ਼ਤ ਨਹੀਂ ਹੈ। ਉਨ੍ਹਾਂ ਦਾ ਮੁਕੰਮਲ ਆਧਾਰ ਪੱਛਮੀ ਤਾਕ਼ਤਾਂ 'ਤੇ ਹੈ। ਇਹ ਜੰਗ ਹੁਣ **ਖ਼ੌਫ਼ਨਾਕ** ਸੂਰਤ ਇਖ਼ਤਿਆਰ ਕਰ ਚੁੱਕੀ ਹੈ।

ਅਰਬ ਤਾਕ਼ਤਾਂ ਨੂੰ ਜਿੱਥੇ ਇੱਕ ਪਾਸੇ ਤੇਲ ਦੇ ਖੂਹ ਬੰਦ ਹੋਣ ਨਾਲ਼ ਨੁਕ਼ਸਾਨ ਹੋ ਰਿਹਾ ਹੈ, ਮਹਿੰਗਾਈ ਵਧ ਰਹੀ ਹੈ, ਉੱਥੇ ਉਨ੍ਹਾਂ ਨੂੰ ਇਸ ਜੰਗ ਵਿੱਚ ਅਮਰੀਕੀ ਬਚਾਅ ਦੀ ਸਹੂਲਤ ਹਾਸਿਲ ਕਰਨ ਦਾ **ਖ਼ਰਚਾ** ਵੀ ਅਦਾ ਕਰਨਾ ਪਵੇਗਾ। ਇਸ ਸਭ ਨਾਲ਼ ਅਰਬ ਦੁਨੀਆ ਦੀ ਅਰਥ ਵਿਵਸਥਾ ਨੂੰ ਬਹੁਤ ਨੁਕ਼ਸਾਨ ਪਹੁੰਚੇਗਾ।

ਅਮਰੀਕੀ ਸਦਰ ਪਿਛਲੀਆਂ ਅਮਰੀਕੀ ਹਕੂਮਤਾਂ ਦੀ ਪਾੱਲਿਸੀ 'ਤੇ ਹੀ ਅਮਲ ਕਰ ਰਿਹਾ ਹੈ। ਇਹ ਉਨ੍ਹਾਂ ਦੀ ਅੱਜ ਦੀ ਪਾੱਲਿਸੀ ਨਹੀਂ ਬਲਕਿ ਮੁੱਦਤ ਤੋਂ ਇਹੀ ਪਾੱਲਿਸੀ ਹੈ ਕਿ ਜਿੱਥੇ ਦਿਲ ਚਾਹੇ ਉਸ ਖ਼ਿੱਤੇ ਦੇ ਵਸੀਲਿਆਂ 'ਤੇ

**ਕ਼ਬਜ਼ਾ** ਕਰੋ ਅਤੇ ਉਸ ਦੇ ਜਾਇਜ਼ ਹੋਣ ਦੀ ਕੋਈ ਵੀ ਦਲੀਲ ਪੇਸ਼ ਕਰ ਦਿਓ ਕਿ ਇਹ ਵਜ੍ਹਾ ਹੋਈ, ਉਹ ਵਜ੍ਹਾ ਹੋਈ। ਜਿਹੜੇ ਮੁਲਕ ਇਨ੍ਹਾਂ ਦੇ ਨਾਲ ਸ਼ਾਮਿਲ ਨਾ ਹੋਣ ਉਸ ਦੇ ਖ਼ਿਲਾਫ਼ **ਧੌਂਸ** ਅਤੇ **ਧਮਕੀ** ਤੋਂ ਕੰਮ ਲਿਆ ਜਾਂਦਾ ਹੈ।।

ਹਜ਼ੂਰ ਅਨਵਰ ਨੇ ਫ਼ਰਮਾਇਆ: **ਯੂਰੋਪੀਅਨ ਪਾਰਲੀਮੈਂਟ** ਵਿੱਚ ਉਨ੍ਹਾਂ ਦੀ ਇੱਕ **ਸਪੈਨਿਸ਼ ਖ਼ਾਤੂਨ** ਮੈਂਬਰ ਪਾਰਲੀਮੈਂਟ ਨੇ ਬੜਾ ਖੁੱਲ੍ਹ ਕੇ ਉੱਥੇ ਬਿਆਨ ਦਿੱਤਾ ਕਿ ਅਮਰੀਕਾ ਦੀ ਕਿਸੇ ਜੰਗ ਵਿੱਚ ਔਰਤ ਨੂੰ ਆਜ਼ਾਦੀ ਨਹੀਂ ਮਿਲੀ। ਔਰਤ ਸੀ, ਉਨ੍ਹਾਂ ਨੇ ਔਰਤਾਂ ਦਾ ਮੁੱਦਾ ਉਠਾਇਆ ਕਿਉਂਕਿ ਕਹਿੰਦੇ ਹਨ ਕਿ ਅਮਰੀਕੀਆਂ ਦਾ ਜਿਹੜਾ ਦਾਅਵਾ ਹੈ ਕਿ ਅਸੀਂ ਈਰਾਨੀ ਔਰਤਾਂ ਦੀ ਆਜ਼ਾਦੀ ਦੇ ਲਈ ਲੜ ਰਹੇ ਹਾਂ ਤਾਂ ਇਹ ਸਭ ਝੂਠ ਹੈ ਅਤੇ ਕਦੀ ਇਸ ਨਾਲ ਈਰਾਨੀ ਔਰਤ ਨੂੰ ਆਜ਼ਾਦੀ ਨਹੀਂ ਮਿਲੇਗੀ ਅਤੇ ਨਾ ਕਦੀ ਅਮਰੀਕਾ ਨੇ ਕਿਸੇ ਔਰਤ ਦੀ ਆਜ਼ਾਦੀ ਦੇ ਲਈ ਜੰਗ ਲੜੀ ਹੈ ਅਤੇ ਨਾ ਉਨ੍ਹਾਂ ਨੂੰ ਆਜ਼ਾਦੀ ਦਵਾਉਣ ਵਿੱਚ ਕਾਮਯਾਬ ਹੋਏ ਹਨ। ਜਿੱਥੇ ਇਨਸਾਫ਼ ਨਾ ਹੋਵੇ ਉੱਥੇ ਫਿਰ ਤਬਾਹੀ ਹੀ ਆਉਂਦੀ ਹੈ। ਇਨ੍ਹਾਂ ਤਾਕ਼ਤਾਂ ਨੇ ਸੈਂਕੜਾਂ **ਬੱਚੇ** ਅਤੇ **ਮਾਸੂਮਾਂ** ਨੂੰ ਮਾਰ ਦਿੱਤਾ। ਇਹ ਕੈਸੀ ਜੰਗ ਹੈ ਜਿਸ ਵਿੱਚ ਬੱਚਿਆਂ ਦੇ **ਸਕੂਲ** 'ਤੇ ਬੰਬਾਰੀ ਕੀਤੀ ਜਾ ਰਹੀ ਹੈ ਅਤੇ ਕੋਈ ਪੁੱਛਣ ਵਾਲਾ ਨਹੀਂ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਸਲਾਮ ਤੌਹੀਦ ਦੇ ਕ਼ਿਆਮ ਦੇ ਲਈ ਆਇਆ ਸੀ ਅਤੇ ਇਸੇ ਮਕ਼ਸਦ ਦੇ ਲਈ ਮੁਸਲਮਾਨ ਮੁਲਕਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ **ਇੱਕਜੁੱਟ** ਹੋਣਾ ਚਾਹੀਦਾ ਹੈ। ਇਨ੍ਹਾਂ ਤਾਕ਼ਤਵਰ ਮੁਲਕਾਂ ਨੂੰ ਆਪਣਾ ਖ਼ੁਦਾ ਨਾ ਸਮਝਣ ਨਹੀਂ ਤਾਂ ਇਹ ਮੁਲਕ ਇੱਕ ਇੱਕ ਕਰਕੇ ਤਮਾਮ ਇਸਲਾਮੀ ਮੁਲਕਾਂ ਅਤੇ ਉਨ੍ਹਾਂ ਦੇ ਵਸੀਲਿਆਂ 'ਤੇ ਕ਼ਬਜ਼ਾ ਕਰ ਲੈਣਗੇ।

ਕੁਰਆਨ ਕਰੀਮ ਨੇ ਮੁਸਲਮਾਨਾਂ ਨੂੰ ਸਪਸ਼ਟ ਹਿਦਾਇਤ ਦਿੱਤੀ ਹੈ ਕਿ ਜੇਕਰ ਮੋਮਿਨਾਂ ਦੇ ਦੋ ਗਿਰੋਹ ਆਪਸ ਵਿੱਚ ਲੜ ਪੈਣ ਤਾਂ ਉਨ੍ਹਾਂ ਵਿੱਚ **ਸੁਲਹ** ਕਰਾ ਦਿਓ। ਫਿਰ ਜੇਕਰ ਸੁਲਹ ਹੋ ਜਾਣ ਦੇ ਬਾਅਦ ਉਨ੍ਹਾਂ ਵਿੱਚੋਂ ਕੋਈ ਦੂਸਰੇ 'ਤੇ ਚੜ੍ਹਾਈ ਕਰੇ ਤਾਂ ਚੜ੍ਹਾਈ ਕਰਨ ਵਾਲੇ ਦੇ ਖ਼ਿਲਾਫ਼ ਸਭ ਮਿਲ ਕੇ ਜੰਗ ਕਰੋ ਇੱਥੋਂ ਤੱਕ ਕਿ ਉਹ ਅੱਲਾਹ ਦੇ ਹੁਕਮ ਵੱਲ ਪਰਤ ਆਵੇ ਅਤੇ ਅਤੇ ਜਦ ਉਹ ਅੱਲਾਹ ਦੇ ਹੁਕਮ ਦੇ ਵੱਲ ਪਰਤ ਆਵੇ ਤਾਂ **ਇਨਸਾਫ਼** ਦੇ ਨਾਲ ਉਨ੍ਹਾਂ ਲੜਨ ਵਾਲਿਆਂ ਵਿੱਚ ਸੁਲਹ ਕਰਾ ਦਿਓ।

ਇਹ ਉਹ ਹੁਕਮ ਹੈ ਜਿਹੜਾ ਦੁਨੀਆ ਦੇ ਅਮਨ ਦੇ ਲਈ ਵੀ ਜ਼ਰੂਰੀ ਹੈ ਅਤੇ ਮੁਸਲਮਾਨਾਂ ਦੇ ਲਈ ਤਾਂ ਇਸ ਦੀ ਅਹਿਮੀਅਤ ਹੋਰ ਜ਼ਿਆਦਾ ਹੈ ਕਿ ਅੱਲਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਇਹ ਹਿਦਾਇਤ ਫ਼ਰਮਾਈ ਹੈ। ਸੁਲਹ ਕਰਾਉਂਦੇ ਹੋਏ ਆਪਣੇ ਨਿੱਜੀ ਫ਼ਾਇਦੇ ਨਹੀਂ ਦੇਖਣੇ ਬਲਕਿ ਅਸਲ ਮਸਲੇ ਦਾ ਫ਼ੈਸਲਾ ਕਰਨਾ ਚਾਹੀਦਾ ਹੈ। ਚੀਨ ਅਤੇ ਦੂਸਰੇ ਕੁੱਝ ਮੁਲਕਾਂ ਨੇ ਸੁਲਹ ਕਰਾਉਣ ਦੀ ਪੇਸ਼ਕਸ਼ ਕੀਤੀ ਹੈ। ਈਰਾਨ ਸਮੇਤ ਇਨ੍ਹਾਂ ਅਰਬ ਮੁਲਕਾਂ ਨੂੰ ਇਸ ਪਾਸੇ ਤਵੱਜੋ ਦੇਣੀ ਚਾਹੀਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: **ਕਾਸ਼!** ਕਿ ਮੁਸਲਿਮ ਦੁਨੀਆ ਇਸ ਗੱਲ ਨੂੰ ਸਮਝੇ। ਅੱਲਾਹ ਤਆਲਾ ਇਨ੍ਹਾਂ ਨੂੰ ਅਕ਼ਲ ਦੇਵੇ। ਬ-ਹਰ-ਹਾਲ ਸਾਡਾ ਕੰਮ ਤਾਂ ਇਹੀ ਹੈ ਕਿ ਖ਼ਾਸ ਤੌਰ 'ਤੇ ਮੁਸਲਮਾਨ ਦੁਨੀਆ ਅਤੇ ਮਾਸੂਮਾਂ ਦੇ ਲਈ ਦੁਆ ਕਰੀਏ। ਰਮਜ਼ਾਨ ਦੇ ਮਹੀਨੇ ਵਿੱਚ ਖ਼ਾਸ ਤੌਰ 'ਤੇ, ਸਿਰਫ਼ ਆਪਣੀਆਂ ਨਿੱਜੀ ਦੁਆਵਾਂ ਵੱਲ ਤਵੱਜੋ ਨਾ ਦਿਓ ਬਲਕਿ ਉੱਮਤਿ ਮੁਸਲਿਮਾ ਦੇ ਲਈ ਵੀ ਦੁਆ ਕਰੋ। ਅੱਲਾਹ ਤਆਲਾ ਉਨ੍ਹਾਂ ਨੂੰ ਅਕ਼ਲ ਦੇਵੇ ਕਿ ਦੁਨੀਆ ਵਿੱਚ ਅਤੇ ਖ਼ਾਸ ਤੌਰ 'ਤੇ ਮੁਸਲਿਮ ਦੁਨੀਆ ਵਿੱਚ ਅਮਨ ਕ਼ਾਇਮ ਹੋ ਸਕੇ। ਮੁਸਲਮਾਨ ਮੁਸਲਮਾਨ ਦੀ **ਗਰਦਨ** ਵੱਢਣ ਵਾਲਾ ਨਾ ਹੋਵੇ। ਇਹ ਲੋਕ ਜਿਹੜੇ ਆਪਸ ਵਿੱਚ ਲੜ ਕੇ ਗ਼ਲਤ ਤਰੀਕ਼ੇ ਨਾਲ ਇੱਕ ਦੂਸਰੇ ਨੂੰ ਕ਼ਤਲ ਕਰ ਰਹੇ ਹਨ ਇਸ ਅਮਲ ਨਾਲ ਉਹ ਅੱਲਾਹ ਤਆਲਾ ਦੀ ਨਾਰਾਜ਼ਗੀ ਦੀ ਵਜ੍ਹਾ ਬਣ ਰਹੇ ਹਨ। ਅਜਿਹੇ ਲੋਕ ਨਾ ਸਿਰਫ਼ ਇਸ ਜਹਾਨ ਵਿੱਚ ਨੁਕ਼ਸਾਨ ਚੁੱਕਣ ਵਾਲੇ ਹਨ ਬਲਕਿ ਅਗਲੇ ਜਹਾਨ ਵਿੱਚ ਵੀ ਨੁਕ਼ਸਾਨ ਚੁੱਕਣ ਵਾਲੇ ਹਨ। ਇਸ ਲਈ ਇਸ ਗੱਲ ਵੱਲ ਖ਼ਾਸ ਤਵੱਜੋ ਦੇਣ ਦੀ ਲੋੜ ਹੈ। ਅੱਲਾਹ ਤਆਲਾ ਸਾਨੂੰ ਹਕ਼ੀਕ਼ੀ ਰੰਗ ਵਿੱਚ ਦੁਆਵਾਂ ਦੀ ਤੌਫ਼ੀਕ਼ ਵੀ ਅਤਾ ਫ਼ਰਮਾਵੇ।

ਖ਼ੁਤਬੇ ਦੇ ਆਖ਼ਿਰ ਵਿੱਚ ਹਜ਼ੂਰ ਅਨਵਰ ਨੇ ਕੁੱਝ ਮਰਹੂਮਾਂ ਦਾ **ਜ਼ਿਕਰਿ ਖ਼ੈਰ** ਕੀਤਾ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

1. ਮੁਹਤਰਮਾ ਸਾਹਿਬਜ਼ਾਦੀ ਅਮਤੁਲ ਜਮੀਲ ਸਾਹਿਬਾ ਜਿਹੜੀ ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਦੀ ਸਭ ਤੋਂ ਛੋਟੀ ਬੇਟੀ ਸਨ ਅਤੇ ਨਾਸਿਰ ਮਹਿਮੂਦ ਸਿਆਲ ਸਾਹਿਬ ਦੀ ਐਹਲੀਆ ਸਨ। ਹਜ਼ਰਤ ਚੌਧਰੀ ਫ਼ਤਿਹ ਮੁਹੰਮਦ ਸਿਆਲ ਸਾਹਿਬ ਦੀ ਬਹੂ ਸਨ। ਹਜ਼ਰਤ ਸੱਯਦਾ ਮਰਯਮ ਬੇਗਮ ਸਾਹਿਬਾ ਉੱਮਿ ਤਾਹਿਰ (ਹਜ਼ਰਤ ਮਿਰਜ਼ਾ ਤਾਹਿਰ ਅਹਮਦ ਸਾਹਿਬ ਦੀ ਵਾਲਦਾ) ਦੀ ਬੇਟੀ ਸਨ। ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਦੇ ਬੱਚਿਆਂ ਵਿੱਚੋਂ ਸਭ ਤੋਂ ਛੋਟੀ ਸਨ। 1955 ਈ: ਵਿੱਚ ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਨੇ ਉਨ੍ਹਾਂ ਦਾ ਨਿਕਾਹ ਪੜ੍ਹਾਇਆ ਸੀ। ਉਨ੍ਹਾਂ ਦੇ ਚਾਰ ਬੱਚੇ ਹਨ। ਮਰਹੂਮਾ ਗ਼ਰੀਬ ਪਰਵਰ, ਦੁਆ ਗੋ, ਨੇਕ ਬਜ਼ੁਰਗ ਖ਼ਾਤੂਨ ਸਨ।

2. ਮੁਕੱਰਮ ਡਾਕਟਰ ਰਸ਼ੀਦ ਅਹਮਦ ਖ਼ਾਨ ਸਾਹਿਬ ਆੱਫ਼ ਹਾੱਲੈਂਡ ਇਬਨ ਮੁਕੱਰਮ ਨਿਜ਼ਾਮੁੱਦ ਦੀਨ ਸਾਹਿਬ ਜਿਹੜੇ ਪਿਛਲੇ ਦਿਨੀਂ 91 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ اناللّٰہ و اناالیہ راجعون ਮਰਹੂਮ ਦੇ ਚਾਰ ਬੇਟੇ ਅਤੇ ਚਾਰ ਬੇਟੀਆਂ ਸਨ। ਮਰਹੂਮ ਨੇਕ ਫ਼ਿਤਰਤ, ਨਿਡਰ, ਖ਼ੁਦਾਤਰਸ, ਮਿਲ਼ਣਸਾਰ, ਸਿਲਾ ਰਹਮੀ ਕਰਨ ਵਾਲ਼ੇ, ਖ਼ਿਲਾਫ਼ਤ ਦੇ ਸ਼ੁਦਾਈ, ਕ਼ੁਰਬਾਨੀ ਦੇ ਲਈ ਤਿਆਰ ਰਹਿਣ ਵਾਲ਼ੇ ਬਜ਼ੁਰਗ ਸਨ। ਮਰਹੂਮ ਨੂੰ ਤਬਲੀਗ਼ ਦਾ ਵੀ ਬੜਾ ਸ਼ੌਕ਼ ਸੀ।

3. ਮੁਹਤਰਮਾ ਜ਼ੈਨਬ ਬੀਬੀ ਸਾਹਿਬਾ ਐਹਲੀਆ ਬਸ਼ੀਰ ਅਹਮਦ ਸਾਹਿਬ ਮਰਹੂਮ ਸਾਬਿਕ਼ ਸਦਰ ਜਮਾਅਤ ਚੱਕ ਕਰਤਾਰਪੁਰ। ਮਰਹੂਮਾ ਪਿਛਲੇ ਦਿਨੀਂ 58 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਈ اناللّٰہو اناالیہ راجعون ਮਰਹੂਮਾ ਨੇ ਵਸੀਅਤ ਕੀਤੀ ਹੋਈ ਸੀ। ਮਰਹੂਮਾ ਤਹੱਜੁਦ ਗੁਜ਼ਾਰ, ਦੁਆ ਗੋ, ਕ਼ੁਰਆਨ ਕਰੀਮ ਦੀ ਤਿਲਾਵਤ ਕਰਨ ਵਾਲ਼ੀ ਨੇਕ ਫ਼ਿਤਰਤ ਖ਼ਾਤੂਨ ਸਨ। ਉਨ੍ਹਾਂ ਦੀ ਬੇਟੀ ਮੁਰੱਬੀ ਸਿਲਸਿਲਾ ਦੀ ਐਹਲੀਆ ਹਨ ਅਤੇ ਆਪਣੀ ਵਾਲਦਾ ਦੇ ਜਨਾਜ਼ੇ ਵਿੱਚ ਸ਼ਾਮਿਲ ਨਹੀਂ ਹੋ ਸਕੀ।

ਹਜ਼ੂਰ ਅਨਵਰ ਨੇ ਤਮਾਮ ਮਰਹੂਮਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ **ਬੁਲੰਦੀ** ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهُ وَنَسْتَعِيْنُهُ وَنَسْتَغْفِرُهُ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞